© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040307
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.07

| DOI | Received Date | Accepted Date | Published Date |
|---|---|---|---|
| 10.64119/armaan.vol.4.issue3.07 | August 07, 2026 | August 31, 2026 | September 05, 2026 |

ਖੋਜ ਪੇਪਰ (Research Article)

# ਸਮਕਾਲੀ ਸਮਾਜਿਕ ਸਰੋਕਾਰ ਅਤੇ ਮਲਵਈ ਕਵੀਸ਼ਰੀ: ਬਦਲਦੇ ਲੋਕ-ਜੀਵਨ ਦਾ ਆਲੋਚਨਾਤਮਕ ਅਧਿਐਨ

**Samkali Samajik Sarokar ate Malwai Kavishri: Badalde Lok-Jeevan da Aalochnatmak Adhyayan**

**ਮਿੱਠੂ ਰਾਮ (Mithu Ram)** | **ਡਾ. ਅਮਨਦੀਪ ਕੌਰ (Dr. Amandeep Kaur)**

ਖੋਜਾਰਥੀ (Ph.D Scholar) | ਨਿਗਰਾਨ (Supervisor)

ORCID: 0009-0006-3721-643X | ORCID: 0009-0006-3717-2756

ਪੰਜਾਬੀ ਵਿਭਾਗ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਪੰਜਾਬ)- 151302

*E-Mail: mithu29133@gmail.com*

## *ਸਾਰ (Abstract)*

*ਹੱਥਲਾ ਖੋਜ ਅਧਿਐਨ ਮਾਲਵਾ ਖੇਤਰ ਦੀ ਵਿਲੱਖਣ ਲੋਕ-ਕਾਵਿ ਸ਼ੈਲੀ 'ਕਵੀਸ਼ਰੀ' ਅਤੇ ਪਰਿਵਰਤਨਸ਼ੀਲ ਪੰਜਾਬੀ ਸਮਾਜ ਵਿਚਕਾਰ ਬਣੇ ਦੋ-ਤਰਫ਼ਾ ਸੰਬੰਧਾਂ ਦਾ ਇੱਕ ਡੂੰਘਾ ਆਲੋਚਨਾਤਮਕ ਮੁਲਾਂਕਣ ਪੇਸ਼ ਕਰਦਾ ਹੈ। ਇਤਿਹਾਸਕ ਦ੍ਰਿਸ਼ਟੀਕੋਂਣ ਤੋਂ ਵੇਖਿਆ ਜਾਵੇ ਤਾਂ ਕਵੀਸ਼ਰੀ ਪਰੰਪਰਾ ਜ਼ਿਆਦਾਤਰ ਧਾਰਮਿਕ ਪ੍ਰਸੰਗਾਂ, ਪੁਰਾਤਨ ਗਾਥਾਵਾਂ ਅਤੇ ਬੀਰ-ਰਸੀ ਛੰਦਾਂ ਤੱਕ ਹੀ ਸੀਮਤ ਰਹੀ ਸੀ। ਹਾਲਾਂਕਿ, ਬਦਲ ਰਹੇ ਸਮਾਜਿਕ-ਆਰਥਿਕ ਪਰਿਪੇਖ ਨਾਲ ਇਸ ਲੋਕ-ਕਲਾ ਦੇ ਸਰੂਪ ਅਤੇ ਵਿਸ਼ਾ-ਵਸਤੂ ਵਿੱਚ ਵੱਡਾ ਅੰਤਰ ਆਇਆ ਹੈ। ਅਜੋਕੇ ਸਮੇਂ ਵਿੱਚ ਮਲਵਈ ਕਵੀਸ਼ਰਾਂ ਨੇ ਆਪਣੀ ਕਲਾ ਨੂੰ ਸਮਕਾਲੀ ਪੰਜਾਬ ਦੀਆਂ ਗੰਭੀਰ ਵੰਗਾਰਾਂ ਨਾਲ ਜੋੜਿਆ ਹੈ। ਇਹ ਖੋਜ ਪੱਤਰ ਮੁੱਖ ਤੌਰ 'ਤੇ ਇਸ ਗੱਲ 'ਤੇ ਚਾਨਣਾ ਪਾਉਂਦਾ ਹੈ ਕਿ ਕਿਵੇਂ ਕਵੀਸ਼ਰੀ ਰਾਹੀਂ ਕਿਸਾਨੀ ਦੀ ਬਦਹਾਲੀ, ਨਸ਼ਿਆਂ ਦੀ ਵਧਦੀ ਸਮੱਸਿਆ, ਬੇਤਹਾਸ਼ਾ ਪਰਵਾਸ, ਔਰਤਾਂ ਦੇ ਅਧਿਕਾਰਾਂ ਅਤੇ ਭ੍ਰਿਸ਼ਟ ਰਾਜਨੀਤਿਕ ਪ੍ਰਬੰਧ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਬੁਲੰਦ ਆਵਾਜ਼ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਅਧਿਐਨ ਇਹ ਵੀ ਵਿਸ਼ਲੇਸ਼ਣ ਕਰਦਾ ਹੈ ਕਿ ਵਿਸ਼ਵੀਕਰਨ, ਆਧੁਨਿਕਤਾ ਅਤੇ ਪੂੰਜੀਵਾਦੀ ਪ੍ਰਭਾਵਾਂ ਦੇ ਇਸ ਦੌਰ ਵਿੱਚ ਮਲਵਈ ਕਵੀਸ਼ਰ ਆਪਣੇ ਛੰਦਾਂ ਅਤੇ ਲੋਕ-ਬੋਲੀ ਦੀ ਪ੍ਰਭਾਵਸ਼ਾਲੀ ਵਰਤੋਂ ਕਰਕੇ ਆਮ ਲੋਕਾਂ ਵਿੱਚ ਸਮਾਜਿਕ ਅਤੇ ਵੈਚਾਰਿਕ ਜਾਗਰੂਕਤਾ ਕਿਵੇਂ ਪੈਦਾ ਕਰ ਰਹੇ ਹਨ। ਸਿੱਟੇ ਵਜੋਂ, ਇਹ ਕਲਾ ਹੁਣ ਕੇਵਲ ਮਨੋਰੰਜਨ ਦਾ ਜ਼ਰੀਆ ਨਾ ਰਹਿ ਕੇ ਸਮਾਜਿਕ ਤਬਦੀਲੀ ਅਤੇ ਵਿਦਰੋਹ ਦਾ ਇੱਕ ਪ੍ਰਮੁੱਖ ਸਰੋਤ ਬਣ ਚੁੱਕੀ ਹੈ।*

## *ਮੁੱਖ-ਸ਼ਬਦ (Keywords)*

*ਮਲਵਈ ਕਵੀਸ਼ਰੀ, ਲੋਕ-ਚੇਤਨਾ, ਸਮਾਜਿਕ ਪਰਿਵਰਤਨ, ਸਮਕਾਲੀ ਸਰੋਕਾਰ, ਕਿਸਾਨੀ ਸੰਕਟ, ਵਿਸ਼ਵੀਕਰਨ।*

ਲੋਕ-ਸਾਹਿਤ ਅਤੇ ਪ੍ਰਦਰਸ਼ਨਕਾਰੀ ਕਲਾਵਾਂ ਕਿਸੇ ਵੀ ਖੇਤਰ ਦੇ ਸੱਭਿਆਚਾਰਕ, ਇਤਿਹਾਸਕ ਅਤੇ ਮਨੋਵਿਗਿਆਨਕ ਸਫ਼ਰ ਦਾ ਇੱਕ ਜੀਵੰਤ ਤੇ ਪ੍ਰਮਾਣਿਕ ਆਧਾਰ ਹੁੰਦੀਆਂ ਹਨ। ਇਹ ਕਲਾਵਾਂ ਕੇਵਲ ਮਨੋਰੰਜਨ ਦਾ ਜ਼ਰੀਆ ਹੀ ਨਹੀਂ, ਸਗੋਂ ਸਬੰਧਿਤ ਸਮਾਜ ਦੀ ਵੈਚਾਰਿਕ ਅਤੇ ਆਤਮਿਕ ਚੇਤਨਾ ਦੀ ਤਰਜਮਾਨੀ ਵੀ ਕਰਦੀਆਂ ਹਨ। ਪੰਜਾਬ ਦੀ ਅਮੀਰ ਲੋਕ-ਧਾਰਾ ਦੇ ਵਿਸ਼ਾਲ ਕੈਨਵਸ ਉੱਤੇ 'ਮਲਵਈ ਕਵੀਸ਼ਰੀ' ਇੱਕ ਅਜਿਹੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਵਜੋਂ ਉੱਭਰਦੀ ਹੈ, ਜਿਸਨੇ ਪੰਜਾਬੀ ਜਨ-ਮਾਨਸ ਦੀਆਂ ਰਗਾਂ ਵਿੱਚ ਵਸੇ ਇਤਿਹਾਸ ਨੂੰ ਆਪਣੀ ਬੁਲੰਦ ਸੁਰ, ਛੰਦ-ਬੱਧ ਤਾਨਾਂ ਅਤੇ ਬਿਨਾਂ ਕਿਸੇ ਸੰਗੀਤਕ ਸਾਜ਼ ਦੇ ਜਿਊਂਦਾ ਰੱਖਿਆ ਹੈ। ਕਵੀਸ਼ਰੀ ਦਾ ਅਰਥ, ਕਵੀ ਦੀ ਈਸ਼ਵਰੀ ਕਿਰਤ, ਇਲਹਾਮ ਜਾਂ ਅਵੇਸ਼ ਨਾਲ ਪੈਦਾ ਹੋਈ ਰਚਨਾ ਦੇ ਰੂਪ ਵਿਚ ਕੀਤਾ ਜਾਂਦਾ ਹੈ। ਬਹੁਤ ਸਾਰੇ ਵਿਦਵਾਨ ਕਵੀਸ਼ਰ ਅਤੇ ਕਵੀਸ਼ਰੀ ਸ਼ਬਦਾਂ ਦੀਆਂ ਜੜ੍ਹਾਂ ਸੰਸਕ੍ਰਿਤ ਭਾਸ਼ਾ ਵਿਚ ਮੰਨਦੇ ਹਨ। ਜਿਸ ਦੇ ਅਨੁਸਾਰ ਕਵੀਸ਼ਰੀ ਕਰਤਾਰੀ ਰਚਨਾ ਹੈ। *ਕਵੀਸ਼ਰ ਸ਼ਬਦ ਕਵੀ+ਈਸ਼ਰ ਦਾ ਸਮਾਸ ਹੈ। ਜਿਸ ਦਾ ਭਾਵ ਹੈ ਕਿ ਰਚਨਾਕਾਰ ਈਸ਼ਵਰ ਸਰੂਪ ਹੈ। ਈਸ਼ਵਰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਿਆ ਜਾਂਦਾ ਹੈ। ਕਵੀ ਉਸੇ ਸ੍ਰਿਸ਼ਟੀ ਦੇ ਸਮਾਨ-ਅੰਤਰ ਕਾਵਿ ਸੰਸਾਰ ਦੀ ਸਿਰਜਨਾ ਕਰਦਾ ਹੈ। ਜਿਵੇਂ ਈਸ਼ਰ ਆਪਣੀ ਰਚਨਾ ਦੇ ਕਣ ਕਣ ਵਿਚ ਸਮਾਇਆ ਹੁੰਦਾ ਹੈ। ਉਵੇਂ ਹੀ ਕਵੀਸ਼ਰ ਵੀ ਆਪਣੇ ਰਚਨਾ ਸੰਸਾਰ ਦੇ ਸਦਾ ਅੰਗ ਸੰਗ ਰਹਿੰਦਾ ਹੈ।* [1]

ਕਵੀਸ਼ਰੀ ਕਾਵਿ ਨੂੰ ਇਸ ਦੇ ਰਚਣਹਾਰੇ ਅਤੇ ਗਾਉਣ ਵਾਲੇ ਕਲਾ ਦੀ ਦੇਵੀ ਸਰਸਵਤੀ ਦਾ ਵਰਦਾਨ ਮੰਨਦੇ ਹਨ। ਇਸ ਦਾ ਮੰਗਲਾ ਚਰਨ ਅਕਸਰ ਦੇਵੀ ਮਾਤਾ ਈਸ਼ਰੀ, ਕਵੀਸ਼ਰੀ ਬਖਸ਼ ਮੈਨੂੰ ਤੋਂ ਦੇਵੀ ਮਾਤਾ ਅੱਤਰ ਛੱਤਰ ਦੀ ਰਾਣੀ, ਗੌਣ ਵਾਲਿਆਂ ਨੂੰ ਗੌਣ ਬਖਸ਼ਦੀ, ਪੜ੍ਹਨ ਵਾਲਿਆਂ ਨੂੰ ਬਾਣੀ ਤੱਕ ਜਾਂ ਫੇਰ ਨਮਾਮ ਮਾਤ

ਕਾਲਿਕਾ, ਕਾਲਨਦਾਨ ਬਾਲਕਾ, ਪਤਾ ਨਾ ਛੰਦ ਚਾਲ ਕਾ, ਕਵੀਸ਼ਰੀ ਉਚਾਰਨੀ ਵਰਗੇ ਸੁਰ ਵਿਚ ਉਚਾਰਿਆ ਜਾਂਦਾ ਹੈ। ਦੇਵੀ ਉਸਤਿਤ ਜਾਂ ਸਰਸਵਤੀ ਅਰਾਧਨਾ ਕਵੀਸ਼ਰੀ ਕਾਵਿ ਨੂੰ ਸਮੁੱਚੇ ਮੱਧਕਾਲੀ ਕਾਵਿ-ਰੂਪਾਂ ਨਾਲੋਂ ਨਿਖੇੜਨ ਵਾਲਾ ਬੁਨਿਆਦੀ ਤੱਤ ਹੈ। ਭਾਰਤੀ ਜਨ ਜੀਵਨ ਅੰਦਰ ਸਰਸਵਤੀ ਦਾ ਸੰਕਲਪ ਦੇਵੀ ਰੂਪ ਵਿਚ ਵੀ ਮਿਲਦਾ ਹੈ ਅਤੇ ਦਰਿਆ ਰੂਪ ਵਿਚ ਵੀ। ਦੇਵੀ ਰੂਪ ਵਿਚ ਇਹ ਬ੍ਰਹਮਾਂ ਦੀ ਪਤਨੀ ਤੇ ਵਿੱਦਿਆ ਦੀ ਦੇਵੀ ਮੰਨੀ ਜਾਂਦੀ ਹੈ। ਦਰਿਆ ਰੂਪ ਵਿਚ ਇਹ ਉਹ ਹੈ ਜੋ ਪਹਾੜਾਂ ਤੋਂ ਲੈ ਕੇ ਸਮੁੰਦਰ ਤੱਕ ਨਿਰਮਲ ਰੂਪ ਵਿਚ ਵਗਦੀ ਹੈ। ਕਿਸੇ ਸਮੇਂ ਕਿਹਾ ਜਾਂਦਾ ਹੈ ਕਿ ਇਹ ਮਾਲਵੇ ਖੇਤਰ ਵਿਚੋਂ ਵਗਦੀ ਹੁੰਦੀ ਸੀ। *ਸਰਸਵਤੀ ਦਾ ਦੇਵੀ ਰੂਪ ਲੋਕ ਮਾਨਸ (Folk mind) ਦੀ ਸ਼ਰਧਾ ਦਾ ਪਾਤਰ ਵਧੇਰੇ ਰਿਹਾ ਹੈ। ਲੋਕ ਨਿਸ਼ਚੇ ਅਨੁਸਾਰ ਸਰਸਵਤੀ ਦੀ ਅਰਾਧਨਾ ਕਲਾ ਦੇ ਖੇਤਰ ਵਿਚ ਅਵੱਸ਼ ਫਲੀਭੂਤ ਹੁੰਦੀ ਹੈ।* [2]

ਮਾਲਵੇ ਦੇ ਰੇਤਲੇ ਟਿੱਬਿਆਂ, ਖੁੱਲ੍ਹੇ ਪੇਂਡੂ ਵਿਹੜਿਆਂ, ਮੇਲਿਆਂ ਅਤੇ ਸੱਥਾਂ ਦੀ ਮਿੱਟੀ ਵਿੱਚੋਂ ਪਰਵਾਨ ਚੜ੍ਹੀ ਇਹ ਲੋਕ-ਕਲਾ ਅੱਜ ਆਪਣੇ ਪਰੰਪਰਾਗਤ ਇਤਿਹਾਸਕ ਪੜਾਵਾਂ ਨੂੰ ਪਾਰ ਕਰਕੇ ਇੱਕ ਨਵੇਂ ਅਕਾਦਮਿਕ ਅਤੇ ਸਮਾਜਿਕ ਮੁਕਾਮ 'ਤੇ ਆ ਖੜ੍ਹੀ ਹੋਈ ਹੈ। ਅਜੋਕਾ ਦੌਰ, ਜੋ ਕਿ ਤੇਜ਼ੀ ਨਾਲ ਹੋ ਰਹੇ ਤਕਨੀਕੀ ਵਿਕਾਸ, ਆਧੁਨਿਕਤਾ ਅਤੇ ਵਿਆਪਕ ਸਮਾਜਿਕ ਉਥਲ-ਪੁਥਲ ਦਾ ਦੌਰ ਹੈ, ਨੇ ਪੰਜਾਬੀ ਲੋਕ-ਜੀਵਨ ਦੇ ਮੂਲ ਤਾਣੇ-ਬਾਣੇ ਨੂੰ ਬੁਨਿਆਦੀ ਤੌਰ 'ਤੇ ਬਦਲ ਕੇ ਰੱਖ ਦਿੱਤਾ ਹੈ। ਇਸ ਵੱਡੇ ਸਮਾਜਿਕ-ਸੱਭਿਆਚਾਰਕ ਪਰਿਵਰਤਨ ਨੇ ਕਵੀਸ਼ਰੀ ਪਰੰਪਰਾ ਨੂੰ ਵੀ ਡੂੰਘੇ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਇਸ ਬਦਲਾਅ ਨੇ ਕਵੀਸ਼ਰੀ ਨੂੰ ਮਹਿਜ਼ ਅਤੀਤ-ਮੁਖੀ ਗਾਇਕੀ, ਧਾਰਮਿਕ ਪ੍ਰਸੰਗਾਂ ਜਾਂ ਮਿਥਿਹਾਸਕ ਬਿਰਤਾਂਤਾਂ ਤੱਕ ਸੀਮਤ ਰਹਿਣ ਤੋਂ ਮੋੜ ਕੇ, ਸਮਕਾਲੀ ਸਮਾਜ ਦੀਆਂ ਕੜਵੀਆਂ ਹਕੀਕਤਾਂ ਅਤੇ ਗੰਭੀਰ ਸਰੋਕਾਰਾਂ ਦੀ ਜ਼ਮੀਨ ਨਾਲ ਜੋੜ ਦਿੱਤਾ ਹੈ। ਅੱਜ ਦੇ ਕਵੀਸ਼ਰ ਆਪਣੇ ਛੰਦਾਂ ਰਾਹੀਂ ਕਿਸਾਨੀ ਸੰਕਟ, ਨਸ਼ਿਆਂ ਦੀ ਸਮੱਸਿਆ, ਬੇਤਹਾਸ਼ਾ ਵਧ ਰਹੇ ਪਰਵਾਸ, ਔਰਤਾਂ ਦੀ ਦਸ਼ਾ ਅਤੇ ਭ੍ਰਿਸ਼ਟ ਸਿਆਸੀ ਢਾਂਚੇ ਵਰਗੇ ਭੂਚਾਲੀ ਮੁੱਦਿਆਂ 'ਤੇ ਸਿੱਧਾ ਸੰਵਾਦ ਰਚਾ ਰਹੇ ਹਨ।

### ਮਲਵਈ ਕਵੀਸ਼ਰੀ ਦੀ ਇਤਿਹਾਸਕ ਪਿੱਠਭੂਮੀ ਅਤੇ ਸੁਹਜ-ਸ਼ਾਸਤਰ

ਜਿਥੋਂ ਤਕ ਕਵੀਸ਼ਰੀ ਕਾਵਿ ਕਲਾ ਦਾ ਸੁਆਲ ਹੈ, ਜੇ ਇਸਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਇਸਦਾ ਜਨਮ ਉਦੋਂ ਹੀ ਹੋਇਆ ਜਦੋਂ ਬ੍ਰਹਮਾ ਜੀ ਨੇ ਵੇਦਾਂ ਦੀ ਰਚਨਾ ਕੀਤੀ। *ਚਾਰੇ ਵੇਦ ਸਾਮਵੇਦ, ਰਿਗਵੇਦ, ਅਥਰਵੇਦ, ਯਜੁਰਵੇਦ, ਇਹ ਕਾਵਿ ਸ਼ੈਲੀ ਵਿਚ ਹੀ ਰਚੇ ਗਏ। ਅਠਾਰਾਂ ਪ੍ਰਾਣਾਂ ਦੀ ਰਚਨਾ ਵੀ ਕਾਵਿ ਸ਼ੈਲੀ ਹੈ। ਤੁਲਸੀ ਜੀ ਦੀ ਰਮਾਇਣ, ਹਨੂਮਾਨ ਨਾਟਕ, ਸਭਾਜਿਤ, ਵੈਰਾਗ ਸੱਤਕੀ ਜੋ ਕਿ ਹਰਦਿਆਲ ਰਿਸ਼ੀ ਵਲੋਂ ਲਿਖੇ ਗਏ, ਵੀ ਕਾਵਿ ਸ਼ੈਲੀ ਵਿਚ ਰਚਿਤ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਵੀ ਰਾਗਾਂ 'ਤੇ ਅਧਾਰਿਤ ਕਾਵਿ ਸ਼ੈਲੀ ਵਿਚ ਹੀ ਰਚਿਤ ਹੈ।* [3]

ਮਲਵਈ ਕਵੀਸ਼ਰੀ ਦਾ ਸੁਹਜ-ਸ਼ਾਸਤਰ ਇਸ ਦੀ ਵਿਸ਼ੇਸ਼ ਛੰਦ-ਬੰਦੀ ਅਤੇ ਨਿਭਾਅ-ਸ਼ੈਲੀ ਵਿੱਚ ਨਿਹਿਤ ਹੈ। ਕਬਿੱਤ, ਕੋਰੜਾ, ਬੈਂਤ, ਦਵੱਈਆ ਅਤੇ ਸਵੱਈਆ ਵਰਗੇ ਪਰੰਪਰਾਗਤ ਛੰਦਾਂ ਵਿੱਚ ਪਰੋਈ ਇਹ ਲੋਕ-ਕਾਵਿ ਸ਼ੈਲੀ ਜਦੋਂ ਤਿੰਨ ਜਾਂ ਚਾਰ ਗਾਇਕਾਂ ਦੇ ਜਥੇ ਵੱਲੋਂ ਬਿਨਾਂ ਕਿਸੇ ਸੰਗੀਤਕ ਸਾਜ਼ ਦੇ, ਬੁਲੰਦ ਹੇਕ ਨਾਲ ਪੇਸ਼ ਕੀਤੀ ਜਾਂਦੀ ਹੈ, ਤਾਂ ਇਹ ਸਰੋਤਿਆਂ ਉੱਤੇ ਇੱਕ ਜਾਦੂਈ ਅਤੇ ਮੋਹਣੀ ਪ੍ਰਭਾਵ ਪਾਉਂਦੀ ਹੈ। ਬਾਬੂ ਰਜਲ ਅਲੀ ਇਕ ਅਜਿਹਾ ਸ਼ਾਇਰ ਹੈ ਜਿਸ ਨੇ ਨਾ ਕੇਵਲ ਆਪਣੇ ਧਰਮ ਇਸਲਾਮ ਬਾਰੇ ਸਗੋਂ ਦੂਜੇ ਧਰਮਾਂ (ਹਿੰਦੂ, ਸਿੱਖ ਆਦਿ) ਨਾਲ ਸਬੰਧਤ ਕਿੱਸੇ ਅਤੇ ਪ੍ਰਸੰਗ ਵੀ ਲਿਖੇ ਹਨ। ਬਾਬੂ ਜੀ ਦੀ ਰਚਨਾ ਦਾ ਵਿਸ਼ਾ ਖੇਤਰ ਕਾਫੀ ਵਿਸ਼ਾਲ ਹੈ। ਉਹਨਾਂ ਨੇ ਇਤਿਹਾਸਕ-ਮਿਥਿਹਾਸਕ, ਰਾਜਨੀਤਿਕ, ਸੱਭਿਆਚਾਰਕ, ਰੋਮਾਂਟਿਕ, ਧਾਰਮਿਕ, ਸਥਾਨਕ ਵਿਸ਼ੇਸ਼ਤਾਵਾਂ ਅਤੇ ਨੀਤੀ ਪਰਕ ਆਦਿ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਰਚਨਾ ਕੀਤੀ ਹੈ। ਉਹਨਾਂ ਦੀ ਸਾਰੀ ਦੀ ਸਾਰੀ ਰਚਨਾ ਛੰਦ ਬੱਧ ਹੈ। ਕਈ ਪ੍ਰਸੰਗ ਅਤੇ ਕਿੱਸਿਆਂ ਨੂੰ ਦੋ-ਤਿੰਨ ਵਾਰ ਵੱਖ-ਵੱਖ ਛੰਦਾਂ ਵਿਚ ਲਿਖਿਆ ਹੈ। ਇਹ ਗੱਲ ਬਾਬੂ ਜੀ ਦੀ ਛੰਦ ਪ੍ਰਵੀਨਤਾ ਦੀ ਹਾਮੀ ਭਰਦੀ ਹੈ। *ਬਾਬੂ ਰਜਬ ਅਲੀ ਨੇ ਆਪਣੇ ਜੀਵਨ ਕਾਲ ਦੇ 65 ਵਰ੍ਹੇ ਨਿਰੰਤਰ ਕਵਿਤਾ (ਕਵੀਸ਼ਰੀ) ਸਿਰਜਣਾ ਵਿਚ ਲਗਾਏ।* [4] ਇਸ ਪਰੰਪਰਾ ਦੇ ਸੁਹਜ-ਸ਼ਾਸਤਰੀ ਅਤੇ ਕਾਵਿਕ ਸਿਖਰ ਵਜੋਂ ਬਾਬੂ ਰਜਬ ਅਲੀ ਦਾ ਨਾਮ ਪ੍ਰਮੁੱਖਤਾ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਅਮੀਰ ਛੰਦ-ਵਿਧਾਨ ਨਾਲ ਇਸ ਕਲਾ ਨੂੰ ਬੁਲੰਦੀਆਂ 'ਤੇ ਪਹੁੰਚਾਇਆ।

ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਕਵੀਸ਼ਰੀ ਦਾ ਆਰੰਭਿਕ ਘੇਰਾ ਮੁੱਖ ਤੌਰ 'ਤੇ ਸਿੱਖ ਇਤਿਹਾਸ ਦੇ ਸ਼ਹੀਦੀ ਪ੍ਰਸੰਗਾਂ, ਮਹਾਭਾਰਤ-ਰਾਮਾਇਣ ਦੀਆਂ ਪੁਰਾਤਨ ਗਾਥਾਵਾਂ, ਦੁੱਲਾ ਭੱਟੀ ਤੇ ਜਿਊਣਾ ਮੌੜ ਵਰਗੇ ਲੋਕ-ਨਾਇਕਾਂ ਦੀਆਂ ਵਾਰਾਂ, ਅਤੇ ਹੀਰ-ਰਾਂਝਾ ਵਰਗੇ ਰਵਾਇਤੀ ਕਿੱਸਿਆਂ ਦੀ ਗਾਇਕੀ ਤੱਕ ਹੀ ਸੀਮਤ ਸੀ। ਹਾਲਾਂਕਿ, ਇਹ ਲੋਕ-ਕਲਾ ਕਦੇ ਵੀ ਅਤੀਤ ਦੇ ਚੌਖਟੇ ਵਿੱਚ ਜਕੜੀ ਨਹੀਂ ਰਹੀ। ਸਮੇਂ ਦੇ ਬਦਲਾਅ ਨਾਲ ਇਸ ਨੇ ਹਮੇਸ਼ਾ ਆਪਣੇ ਸਮਕਾਲੀ ਸਮਾਜ ਦੀ ਨਬਜ਼ ਨੂੰ ਪਛਾਣਿਆ ਹੈ। ਆਪਣੀ ਇਸੇ ਗਤੀਸ਼ੀਲਤਾ ਅਤੇ ਅਨੁਕੂਲਤਾ ਦੇ ਬਲਬੂਤੇ, ਮਲਵਈ ਕਵੀਸ਼ਰੀ ਪਰੰਪਰਾਗਤ ਬਿਰਤਾਂਤਾਂ ਤੋਂ ਅੱਗੇ ਲੰਘ ਕੇ ਅਜੋਕੇ ਦੌਰ ਦੇ ਨਵੇਂ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਨੂੰ ਆਪਣੇ ਅੰਦਰ ਸਮੋਣ ਵਿੱਚ ਸਫਲ ਰਹੀ ਹੈ।

### 'ਬਦਲਦਾ ਲੋਕ-ਜੀਵਨ'- ਸੰਕਲਪ ਅਤੇ ਸਰੂਪ

'ਲੋਕ-ਜੀਵਨ' ਇੱਕ ਗਤੀਸ਼ੀਲ ਨਿਰੰਤਰਤਾ ਹੈ, ਜੋ ਕਿਸੇ ਵੀ ਸਥਿਰ ਧਾਰਨਾ ਵਿੱਚ ਨਹੀਂ ਬੱਝਦੀ। ਪਿਛਲੇ ਅੱਧੇ ਸਦੀ ਦੇ ਅਰਸੇ ਦਰਮਿਆਨ, ਵਿਸ਼ੇਸ਼ ਤੌਰ 'ਤੇ ਹਰੀ ਕ੍ਰਾਂਤੀ ਦੇ ਆਗਮਨ ਅਤੇ 1990ਵਿਆਂ ਵਿੱਚ ਆਈ ਵਿਸ਼ਵੀਕਰਨ ਦੀ ਲਹਿਰ ਨੇ ਮਾਲਵਾ ਖੇਤਰ ਦੀ ਪੇਂਡੂ ਸਮਾਜਿਕ ਸਰਚਨਾ ਨੂੰ ਬੁਨਿਆਦੀ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਇਸ ਇਤਿਹਾਸਕ ਬਦਲਾਅ ਨਾਲ ਪਰੰਪਰਾਗਤ ਸਾਂਝੇ ਪਰਿਵਾਰਕ ਪ੍ਰਬੰਧ ਵਿੱਚ ਖੇਡ ਵਾਪਰੀ ਹੈ ਅਤੇ ਖੇਤੀਬਾੜੀ ਦੇ ਮਸ਼ੀਨੀਕਰਨ ਨੇ ਪੇਂਡੂ ਆਰਥਿਕਤਾ ਦਾ ਸਰੂਪ ਬਦਲ ਦਿੱਤਾ ਹੈ। ਪਰੰਪਰਾਗਤ ਲੋਕ-ਸਾਂਝ ਦੇ ਕੇਂਦਰ- ਜਿਵੇਂ ਪਿੰਡਾਂ ਦੀਆਂ ਸੱਥਾਂ ਅਤੇ ਤ੍ਰਿੰਝਣ- ਅੱਜ ਮੋਬਾਈਲ ਫ਼ੋਨਾਂ ਅਤੇ ਡਿਜੀਟਲ ਸੋਸ਼ਲ ਮੀਡੀਆ ਦੀ ਭੇਟ ਚੜ੍ਹ ਚੁੱਕੇ ਹਨ। ਪੂੰਜੀਵਾਦੀ ਪ੍ਰਭਾਵਾਂ ਅਤੇ ਉਪਭੋਗਤਾਵਾਦੀ ਸੋਚ ਨੇ ਮਾਨਵੀ ਸੰਬੰਧਾਂ ਵਿੱਚ ਪਦਾਰਥਕ ਹਿਤਾਂ ਨੂੰ ਪ੍ਰਧਾਨ ਕਰ ਦਿੱਤਾ ਹੈ, ਜਿਸ ਨਾਲ ਆਪਸੀ ਭਾਈਚਾਰਕ ਸਾਂਝ ਨੂੰ ਢਾਹ ਲੱਗੀ ਹੈ। ਸਮਾਜਿਕ-ਆਰਥਿਕ ਬਦਲਾਅ ਦੀ ਇਸ ਪ੍ਰਕਿਰਿਆ ਨੇ ਜਿੱਥੇ ਆਰਥਿਕ ਨਾਬਰਾਬਰੀ ਨੂੰ ਵਧਾਇਆ ਹੈ, ਉੱਥੇ ਕਈ ਨਵੀਂਆਂ ਮਾਨਸਿਕ, ਸੱਭਿਆਚਾਰਕ ਅਤੇ ਸਮਾਜਿਕ ਜਟਿਲਤਾਵਾਂ ਨੂੰ ਜਨਮ ਦਿੱਤਾ ਹੈ। ਇਹੀ ਬਦਲ ਰਹੀਆਂ ਸਮਾਜਿਕ ਪਰਿਸਥਿਤੀਆਂ ਅਤੇ ਪੇਂਡੂ ਜੀਵਨ ਦੀਆਂ ਤਲਖ਼ ਹਕੀਕਤਾਂ ਅਜੋਕੀ ਮਲਵਈ ਕਵੀਸ਼ਰੀ ਲਈ ਇੱਕ ਵੈਚਾਰਿਕ ਆਧਾਰ ਬਣਦੀਆਂ ਹਨ। ਅਜੋਕੇ ਕਵੀਸ਼ਰ ਇਸੇ ਬਦਲਦੇ ਲੋਕ-ਜੀਵਨ ਦੀ ਜ਼ਮੀਨ ਤੋਂ ਆਪਣੇ ਨਵੇਂ ਵਿਸ਼ਿਆਂ ਦੀ ਚੋਣ ਕਰਕੇ ਲੋਕ-ਮਨਾਂ ਨਾਲ ਸਿੱਧਾ ਸੰਵਾਦ ਰਚਾ ਰਹੇ ਹਨ।

ਅਜੋਕੇ ਦੌਰ ਦੇ ਮਲਵਈ ਕਵੀਸ਼ਰਾਂ ਨੇ ਆਪਣੀ ਕਲਮ, ਬੁਲੰਦ ਸੁਰ ਅਤੇ ਛੰਦ-ਬੰਦੀ ਦੀ ਸ਼ਕਤੀ ਨੂੰ ਸਮਾਜਿਕ ਯਥਾਰਥ ਦੇ ਕੜਵੇ ਸੱਚ ਨੂੰ ਪ੍ਰਗਟਾਉਣ ਲਈ ਇੱਕ ਵੈਚਾਰਿਕ ਹਥਿਆਰ ਵਜੋਂ ਅਪਣਾਇਆ ਹੈ। ਪਰੰਪਰਾਗਤ ਰੂਪ ਵਿੱਚ ਧਾਰਮਿਕ ਅਤੇ ਬੀਰ-ਰਸੀ ਪ੍ਰਸੰਗਾਂ ਤੱਕ ਸੀਮਤ ਰਹਿਣ ਵਾਲੀ ਇਹ ਲੋਕ-ਕਲਾ ਅੱਜ ਅਤੀਤ ਤੋਂ ਅੱਗੇ ਵਧ ਕੇ ਅਜੋਕੇ ਪੰਜਾਬ ਦੇ ਭੂਚਾਲੀ ਸਮਾਜਿਕ ਸਰੋਕਾਰਾਂ ਦੀ ਤਰਜਮਾਨੀ ਕਰ ਰਹੀ ਹੈ। ਇਹਨਾਂ ਸਮਕਾਲੀ ਮੁੱਦਿਆਂ ਵਿੱਚ ਮਲਵਈ ਕਵੀਸ਼ਰੀ ਦੇ ਵਿਲੱਖਣ ਦਖ਼ਲ ਨੂੰ ਹੇਠ ਲਿਖੇ ਮੁੱਖ ਨੁਕਤਿਆਂ ਅਤੇ ਕਾਵਿ-ਉਦਾਹਰਨਾਂ ਅਧੀਨ ਵਿਚਾਰਿਆ ਜਾ ਸਕਦਾ ਹੈ:

### ਕਿਸਾਨੀ ਸੰਕਟ, ਕਰਜ਼ਾ ਅਤੇ ਖੁਦਕੁਸ਼ੀਆਂ

ਮਾਲਵਾ ਖੇਤਰ ਇਤਿਹਾਸਕ ਤੌਰ 'ਤੇ ਪੰਜਾਬ ਦੀ ਆਰਥਿਕਤਾ ਅਤੇ ਕਿਸਾਨੀ ਦੀ ਰੀੜ੍ਹ ਦੀ ਹੱਡੀ ਰਿਹਾ ਹੈ। ਪ੍ਰੰਤੂ, ਪਿਛਲੇ ਕੁੱਝ ਦਹਾਕਿਆਂ ਦਰਮਿਆਨ ਬਦਲਦੀਆਂ ਆਰਥਿਕ ਨੀਤੀਆਂ ਅਤੇ ਹਰੀ ਕ੍ਰਾਂਤੀ ਦੇ ਪੱਛੜਵੇਂ ਪ੍ਰਭਾਵਾਂ ਕਾਰਨ ਇਹ ਖੇਤਰ ਗੰਭੀਰ ਖੇਤੀ ਸੰਕਟ, ਅਥਾਹ ਕਰਜ਼ੇ ਅਤੇ ਕਿਸਾਨੀ ਖੁਦਕੁਸ਼ੀਆਂ ਦੇ ਦੁਖਾਂਤ ਨਾਲ ਜੂਝ ਰਿਹਾ ਹੈ। ਅਜੋਕੀ ਮਲਵਈ ਕਵੀਸ਼ਰੀ ਨੇ ਪੇਂਡੂ ਸਮਾਜ ਦੀ ਇਸ ਮਾਰਮਿਕ ਪੀੜ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਆਪਣੇ ਛੰਦਾਂ ਵਿੱਚ ਪਰੋਇਆ ਹੈ। ਜਦੋਂ ਕਵੀਸ਼ਰ ਸਟੇਜਾਂ ਤੋਂ ਕਿਸੇ ਮਜਬੂਰ ਕਿਸਾਨ ਦੀ ਨਿਲਾਮ ਹੁੰਦੀ ਜ਼ਮੀਨ, ਬੈਂਕਾਂ ਦੀਆਂ ਕੁਰਕੀਆਂ, ਜਾਂ ਜ਼ਹਿਰੀਲੀਆਂ ਦਵਾਈਆਂ ਪੀ ਕੇ ਦਮ ਤੋੜਦੇ ਜਵਾਨ ਪੁੱਤਾਂ ਦੀ ਬਾਤ ਪਾਉਂਦੇ ਹਨ, ਤਾਂ ਇਹ ਬਿਰਤਾਂਤ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੰਦਾ ਹੈ। ਕਵੀਸ਼ਰ ਆਪਣੀਆਂ ਰਚਨਾਵਾਂ ਵਿੱਚ ਕੇਵਲ ਦੁੱਖ ਦਾ ਪ੍ਰਗਟਾਵਾ ਹੀ ਨਹੀਂ ਕਰਦੇ, ਸਗੋਂ ਕਾਰਪੋਰੇਟ ਘਰਾਣਿਆਂ ਦੀਆਂ ਲੁੱਟ-ਖਸੁੱਟ ਵਾਲੀਆਂ ਨੀਤੀਆਂ, ਮਹਿੰਗੇ ਬੀਜ-ਖਾਦਾਂ ਅਤੇ ਸਰਕਾਰੀ ਬੇਰੁਖੀ ਨੂੰ ਇਸ ਦੁਖਾਂਤ ਲਈ ਸਿੱਧੇ ਤੌਰ 'ਤੇ ਕਠਘਰੇ ਵਿੱਚ ਖੜ੍ਹਾ ਕਰਦੇ ਹਨ। 2020-21 ਦੇ ਇਤਿਹਾਸਕ ਕਿਸਾਨੀ ਅੰਦੋਲਨ (ਦਿੱਲੀ ਮੋਰਚੇ) ਦੌਰਾਨ ਮਲਵਈ ਕਵੀਸ਼ਰੀ ਨੇ  ਭੂਮਿਕਾ ਨਿਭਾਈ, ਜਿਸਨੇ ਨੌਜਵਾਨਾਂ ਵਿੱਚ ਅਪਾਰ ਊਰਜਾ ਭਰੀ।

*ਇਸ ਦੁਨੀਆਂ ਦੇ ਦਾਇਰੇ ਅੰਦਰ, ਜਦੋਂ ਦ੍ਰਿਸ਼ਟੀ ਮਾਰੀ।*
*ਮਜਦੂਰ ਕਿਸਾਨ ਦੁਖੀ ਦੇਖਿਆ, ਸੁਖੀ ਸ੍ਰਿਸ਼ਟੀ ਸਾਰੀ।*
*ਸਾਰੀ ਸ੍ਰਿਸ਼ਟੀ ਉੱਤੇ ਦ੍ਰਿਸ਼ਟੀ ਜਾਂ ਮਾਰੀਦੀ,*
*ਹਾਲਤ ਹੈ ਨਾਜ਼ਕ ਜੱਟ ਦੀ, ਜਿੰਦੜੀ ਦੁਖਿਆਰੀ ਦੀ,*
*ਪੂੰਜੀ ਹੈ ਖੁਰਗੀ ਸਾਰੀ, ਏਸੇ ਵਪਾਰੀ ਦੀ,*
*ਉਂ ਤਾਂ ਹੈ ਘਾਟਾ ਚਾਰੇ ਸਾਰੇ ਜਹਾਨ ਨੂੰ।*
*ਅਸਲ ਵਿਚ ਬਣੀਆਂ ਏਸ ਕੱਲੇ ਦੀ ਜਾਨ ਨੂੰ।*
*ਨੱਚੇ ਘਰ ਕਰਜ਼ੇ ਵਾਲਾ, ਹਾੜੀ ਤੇ ਲੋਹੜੀ ਨੂੰ,*
*ਬਾਣੀਆਂ ਫਿਰੇ ਫੇਰਦਾ ਘਰ ਅਗੇ ਘੋੜੀ ਨੂੰ,*
*ਮਿੱਠੇ ਦਾ ਮਾਲਕ ਤਰਸੇ, ਸ਼ੱਕਰ ਦੀ ਰੋੜੀ ਨੂੰ।*
*ਗਰਮੀ ਵਿਚ ਬਰਫਾਂ ਕਿਥੇ ਸਰਬਤ ਵੀ ਗੁੜ ਦਾ ਨੀ।*
*ਵੇਖੋ ਕੀ ਹਾਲਤ ਜੱਟ ਦੀ ਰੱਜਵਾਂ ਟੁੱਕ ਜੁੜਦਾ ਨੀ।*
*ਕਰਜ਼ੇ ਨੇ ਥੋਥਾ ਕਰਤਾ, ਰਹਿ ਗਿਆ ਵਿਚ ਤੰਤ ਨਹੀਂ,*
*ਖੁਸ਼ੀਆਂ ਦਾ ਖਾਲੀ ਖਾਨਾ ਗਮੀਆਂ ਦਾ ਅੰਤ ਨਹੀਂ।*
*ਨਸ਼ਿਆਂ ਦਾ ਕੋਹੜ ਅਤੇ ਪੰਜਾਬੀ ਜਵਾਨੀ।* [5]

ਅਜੋਕੇ ਪੰਜਾਬ ਦਾ ਸਭ ਤੋਂ ਖ਼ਤਰਨਾਕ ਅਤੇ ਰੂਹ ਕੰਬਾਊ ਸਮਕਾਲੀ ਸੰਕਟ ਨਸ਼ਿਆਂ ਦਾ ਵਗਦਾ ਛੇਵਾਂ ਦਰਿਆ ਹੈ। ਸਿੰਥੈਟਿਕ ਨਸ਼ਿਆਂ (ਜਿਵੇਂ 'ਚਿੱਟਾ' ਆਦਿ) ਨੇ ਮਾਲਵਾ ਖੇਤਰ ਦੇ ਪਿੰਡਾਂ ਵਿੱਚ ਜਵਾਨੀ ਦਾ ਅਣਮੁੱਲਾ ਘਾਣ ਕੀਤਾ ਹੈ। ਮਲਵਈ ਕਵੀਸ਼ਰਾਂ ਨੇ ਇਸ ਭਿਆਨਕ ਲਾਹਨਤ ਵਿਰੁੱਧ ਆਪਣੀ ਆਵਾਜ਼ ਨੂੰ ਬੁਲੰਦ ਕਰਦਿਆਂ ਸਮਾਜਿਕ ਚੇਤਨਾ ਦਾ ਹੋਕਾ ਦਿੱਤਾ ਹੈ।

ਕਵੀਸ਼ਰੀ ਪਾਠ ਰਾਹੀਂ ਇਹ ਚਿੱਤਰਣ ਬਹੁਤ ਹੀ ਦਰਦਨਾਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਕਿਵੇਂ ਨਸ਼ੇ ਦੀ ਦਲਦਲ ਵਿੱਚ ਫਸ ਕੇ ਮਾਵਾਂ ਦੇ ਨੌਜਵਾਨ ਪੁੱਤ ਅਸਮੇਂ ਹੀ ਸਿਵਿਆਂ ਦੇ ਰਾਹ ਪੈ ਰਹੇ ਹਨ। ਅਜੋਕੀ ਕਵੀਸ਼ਰੀ ਕੇਵਲ ਹਾੜ੍ਹੇ ਘੜਨ ਤੱਕ ਸੀਮਤ ਨਹੀਂ ਹੈ; ਇਹ ਨਸ਼ਾ ਸਮਗਲਰਾਂ, ਪ੍ਰਸ਼ਾਸਨਿਕ ਢਿੱਲ ਅਤੇ ਰਾਜਨੀਤਿਕ ਨੇਤਾਵਾਂ ਦੇ ਆਪਸੀ ਨਾਪਾਕ ਗੱਠਜੋੜ  ਨੂੰ ਜਨਤਕ ਰੂਪ ਵਿੱਚ ਨੰਗਾ ਕਰਨ ਦਾ ਦਾਅਵਾ ਵੀ ਰੱਖਦੀ ਹੈ। ਇਹ ਗਾਇਕੀ ਨੌਜਵਾਨਾਂ ਨੂੰ ਨਿਰਾਸ਼ਾ ਵਿੱਚੋਂ ਕੱਢ ਕੇ ਆਪਣੇ ਗੌਰਵਮਈ ਵਿਰਸੇ, ਗੁਰੂਆਂ ਦੁਆਰਾ ਦਰਸਾਏ ਗਏ ਮਾਰਗ ਅਤੇ ਖੇਡਾਂ ਨਾਲ ਜੁੜਨ ਦਾ ਪ੍ਰੇਰਨਾਦਾਇਕ ਸੁਨੇਹਾ ਦਿੰਦੀ ਹੈ।

*ਪੁੱਤ ਮਰਦੇ ਮਾਵਾਂ ਦੇ*
*ਨਾਲ ਚਿੱਟੇ ਦੇ ਗੱਭਰੂ ਮਰਦੇ, ਧਾਹਾ ਮਾਰ ਕੇ ਰੋਂਦੇ ਘਰ ਦੇ।*
*ਤੁਸੀਂ ਤਾਂ ਲੁੱਟ-ਲੁੱਟ ਬੋਝੇ ਭਰਦੇ, ਇਹ ਸਭ ਥੋਡੇ ਕਾਰੇ।*
*ਪੁੱਤ ਮਰਦੇ ਮਾਵਾਂ ਦੇ, ਤੈਨੂੰ ਸ਼ਰਮ ਨਹੀਂ ਸਰਕਾਰੇ।*
*ਕੱਲਾ-ਕੱਲਾ ਵੀਰ ਭੈਣਾਂ ਦਾ, ਖੋਹ ਕੇ ਲੈ ਗਿਆ ਨੀਰ ਨੈਣਾਂ ਦਾ।*
*ਝੱਲਿਆ ਦਰਦ ਨਾ ਜਾਵੇ ਵੈਣਾਂ ਦਾ, ਪੈਂਦੇ ਨੇ ਕਿਲਕਾਰੇ।*
*ਪੁੱਤ ਮਰਦੇ ਮਾਵਾਂ ਦੇ, ਤੈਨੂੰ ਸ਼ਰਮ ਨਹੀਂ ਸਰਕਾਰੇ।*
*ਨਸ਼ਿਆਂ ਦੇ ਵਿੱਚ ਰੁਲੇ ਜਵਾਨੀ, ਮੁੱਕਗੀ ਕਈਆਂ ਦੀ ਜ਼ਿੰਦਗਾਨੀ।*
*ਇਹ ਸਾਰੀ ਥੋਡੀ ਕਾਰਸਤਾਨੀ, ਪਾ ਲਏ ਮਹਿਲ ਮੁਨਾਰੇ।*
*ਪੁੱਤ ਮਰਦੇ ਮਾਵਾਂ ਦੇ, ਤੈਨੂੰ ਸ਼ਰਮ ਨਹੀਂ ਸਰਕਾਰੇ।*
*ਨਸ਼ਾ ਜੋ ਵੇਚੇ ਗੋਲੀ ਮਾਰੋ, ਵਿੱਚ ਚੁਰਾਹੇ ਸੂਲੀ ਚਾੜ੍ਹੋ।*
*ਲੋਕਾਂ ਦੇ ਨਾ ਘਰ ਉਜਾੜੋ, ਜਿਉਂਣਗੇ ਕੀਹਦੇ ਸਹਾਰੇ।*
*ਪੁੱਤ ਮਰਦੇ ਮਾਵਾਂ ਦੇ, ਤੈਨੂੰ ਸ਼ਰਮ ਨਹੀਂ ਸਰਕਾਰੇ।*
*ਭੁੱਲਗੇ ਝੂਠੀਆਂ ਕਸਮਾਂ ਖਾ ਕੇ, ਗੁਟਕਾ ਸਾਹਿਬ ਮੱਥੇ ਨਾਲ ਲਾ ਕੇ।*
*ਬਹਿਗੇ ਸ਼ੀਸ਼ ਮਹਿਲ ਵਿੱਚ ਜਾਕੇ, ਨਿਕਲ ਕੇ ਦੇਖੋ ਬਾਹਰੇ।*
*ਪੁੱਤ ਮਰਦੇ ਮਾਵਾਂ ਦੇ, ਤੈਨੂੰ ਸ਼ਰਮ ਨਹੀਂ ਸਰਕਾਰੇ।*
*ਥੋਡੀ ਸ਼ਹਿ 'ਤੇ ਨਸ਼ਾ ਏ ਵਿਕਦਾ, ਜਦ ਥੋਡੇ ਹੱਥ ਪੈਸਾ ਟਿਕਦਾ।*
*ਪਾਠਕ ਤਾਂ ਸਦਾ ਸੱਚ ਹੀ ਲਿਖਦੇ, ਜਾਣ ਨਾ ਦੁੱਖ ਸਹਾਰੇ।*
*ਪੁੱਤ ਮਰਦੇ ਮਾਵਾਂ ਦੇ ਤੈਨੂੰ ਸ਼ਰਮ ਨਹੀਂ ਸਰਕਾਰੇ।* [6]

### ਪਰਵਾਸ ਦਾ ਦੁਖਾਂਤ, ਕਬੂਤਰਬਾਜ਼ੀ ਅਤੇ ਬਿਰਧ ਆਸ਼ਰਮ

ਵਿਸ਼ਵੀਕਰਨ ਦੇ ਪ੍ਰਭਾਵ, ਰੁਜ਼ਗਾਰ ਦੇ ਘਟਦੇ ਮੌਕਿਆਂ ਅਤੇ ਭਵਿੱਖ ਦੀ ਅਨਿਸ਼ਚਿਤਤਾ ਕਾਰਨ ਅਜੋਕੇ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ਾਂ (ਕੈਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ) ਵੱਲ ਵਹੀਰਾਂ ਘੱਤਣ ਦੀ ਇੱਕ ਅੰਨ੍ਹੀ ਦੌੜ (Brain Drain) ਲੱਗੀ ਹੋਈ ਹੈ। ਮਲਵਈ ਕਵੀਸ਼ਰਾਂ ਨੇ ਪਰਵਾਸ ਦੇ ਇਸ ਬਹੁ-ਪਰਤੀ ਅਤੇ ਜਟਿਲ ਆਰਥਿਕ-ਸਮਾਜਿਕ ਸੰਕਟ ਨੂੰ ਆਪਣੇ ਛੰਦਾਂ ਵਿੱਚ ਬਹੁਤ ਹੀ ਬਾਰੀਕੀ ਨਾਲ ਫੜਿਆ ਹੈ।

ਕਵੀਸ਼ਰੀ ਰਾਹੀਂ ਇਹ ਯਥਾਰਥ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਕਿਵੇਂ ਵਿਦੇਸ਼ ਭੇਜਣ ਦੇ ਨਾਂ 'ਤੇ ਪਿੰਡਾਂ ਵਿੱਚ ਖੇਤੀਯੋਗ ਜ਼ਮੀਨਾਂ ਵਿਕ ਰਹੀਆਂ ਹਨ, ਘਰ ਕਰਜ਼ਾਈ ਹੋ ਰਹੇ ਹਨ ਅਤੇ ਟਰੈਵਲ ਏਜੰਟਾਂ (ਕਬੂਤਰਬਾਜ਼ਾਂ) ਵੱਲੋਂ ਠੱਗੀ ਮਾਰੀ ਜਾ ਰਹੀ ਹੈ। ਇਸ ਦੇ ਨਾਲ ਹੀ, ਧੀਆਂ-ਪੁੱਤਾਂ ਦੇ ਵਿਦੇਸ਼ ਚਲੇ ਜਾਣ ਕਾਰਨ ਘਰਾਂ ਵਿੱਚ ਕੱਲੇ ਰਹਿ ਗਏ ਬਜ਼ੁਰਗਾਂ ਦੀ ਮਾਨਸਿਕ ਪੀੜ ਅਤੇ ਬਿਰਧ ਆਸ਼ਰਮਾਂ ਵਿੱਚ ਰੁਲਣਾ ਪੰਜਾਬੀ ਸੱਭਿਆਚਾਰਕ ਸੰਵੇਦਨਸ਼ੀਲਤਾ 'ਤੇ ਇੱਕ ਗੰਭੀਰ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ, ਜਿਸਨੂੰ ਕਵੀਸ਼ਰੀ ਪਾਠ ਤਿੱਖੇ ਵਿਅੰਗ ਨਾਲ ਪੇਸ਼ ਕਰਦਾ ਹੈ।

*ਭੇਜਦੇ ਵਿੱਚ ਵਿਦੇਸ਼ਾਂ ਬਾਪੂ,*
*ਗੰਦਾ ਇੱਥੇ ਸਿਸਟਮ ਹੋ ਗਿਆ, ਗੰਦੀਆਂ ਨੇ ਸਰਕਾਰਾਂ,*
*ਦੇਸ਼ ਮੇਰੇ ਤੇ ਕਬਜ਼ਾ ਕਰ ਲਿਆ, ਬਾਪੂ ਦੇਸ਼ ਗ਼ਦਾਰਾਂ,*
*ਕਿੱਥੋਂ ਦੇਸ਼ ਤਰੱਕੀ ਕਰਲੂ, ਥਾਂ ਥਾਂ ਲੱਗਿਆਂ ਧਰਨਾ,*
*ਭੇਜਦੇ ਬਾਪੂ ਵਿੱਚ ਵਿਦੇਸ਼ਾਂ, ਮੈਂ ਨੀ ਇੱਥੇ ਮਰਨਾ।*
*ਚੁੱਕ ਘਰਾਂ ਦੇ ਮੁੰਡੇ ਇੱਥੇ ਪੁਲਿਸ ਮਾਰਦੀ ਫਿਰਦੀ,*
*ਬੇਦੋਸ਼ੇ ਨਿਰਦੋਸ਼ੀ ਦੀ ਏ, ਬਲੀ ਝਾੜਦੀ ਫਿਰਦੀ।*
*ਮਿਲਦਾ ਨੀ ਇਨਸਾਫ਼ ਕਿਸੇ ਨੂੰ, ਕੇਸ ਪੈਦਾ ਕਰ ਲੜਨਾ,*
*ਭੇਜਦੇ ਬਾਪੂ ਵਿੱਚ ਵਿਦੇਸ਼ਾਂ.....* [7]

### *ਔਰਤ ਦੀ ਸਥਿਤੀ, ਭਰੂਣ-ਹੱਤਿਆ ਅਤੇ ਸਮਾਜਿਕ ਬਰਾਬਰੀ*

ਇਤਿਹਾਸਕ ਤੌਰ 'ਤੇ ਭਾਵੇਂ ਕਵੀਸ਼ਰੀ ਮੁੱਖ ਰੂਪ ਵਿੱਚ ਮਰਦ ਕਲਾਕਾਰਾਂ ਦੇ ਗਲਬੇ ਵਾਲੀ ਪ੍ਰਦਰਸ਼ਨਕਾਰੀ ਕਲਾ ਰਹੀ ਹੈ, ਪਰ ਸਮੇਂ ਦੇ ਬਦਲਾਅ ਨਾਲ ਇਸ ਵਿੱਚ ਔਰਤ ਦੀ ਸਥਿਤੀ ਦਾ ਚਿੱਤਰਣ ਬਹੁਤ ਹੀ ਅਗਾਂਹਵਧੂ (Progressive) ਅਤੇ ਸਤਿਕਾਰਯੋਗ ਹੋਇਆ ਹੈ। ਅਜੋਕੇ ਕਵੀਸ਼ਰਾਂ ਨੇ ਸਮਾਜ ਵਿੱਚ ਔਰਤ ਨਾਲ ਹੁੰਦੇ ਵਿਤਕਰੇ, ਮਾਦਾ ਭਰੂਣ-ਹੱਤਿਆ ਦੀ ਲਾਹਨਤ, ਦਾਜ ਦੀ ਬਲੀ ਚੜ੍ਹਦੀਆਂ ਧੀਆਂ ਅਤੇ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਵਿਰੁੱਧ ਪੂਰੀ ਦ੍ਰਿੜ੍ਹਤਾ ਨਾਲ ਬੁਲੰਦ ਆਵਾਜ਼ ਉਠਾਈ ਹੈ।

ਇਹ ਲੋਕ-ਕਲਾ ਕੇਵਲ ਔਰਤ ਦੀ ਪੀੜ ਹੀ ਬਿਆਨ ਨਹੀਂ ਕਰਦੀ, ਸਗੋਂ ਉਸ ਦੀ ਸਮਰੱਥਾ ਦਾ ਨਿਰੂਪਣ ਵੀ ਕਰਦੀ ਹੈ। ਕਵੀਸ਼ਰ ਸਿੱਖ ਇਤਿਹਾਸ ਅਤੇ ਵਿਰਸੇ ਵਿੱਚੋਂ ਮਾਤਾ ਗੁਜਰੀ ਜੀ, ਮਾਈ ਭਾਗੋ, ਅਤੇ ਬੀਬੀ ਆਗਿਆ ਕੌਰ ਵਰਗੀਆਂ ਮਹਾਨ ਅਤੇ ਇਤਿਹਾਸਕ ਮਹਿਲਾ ਸ਼ਖ਼ਸੀਅਤਾਂ ਦੇ ਸ਼ਾਨਦਾਰ ਹਵਾਲੇ ਦਿੰਦੇ ਹਨ। ਇਹਨਾਂ ਮਿਸਾਲਾਂ ਰਾਹੀਂ ਉਹ ਸਮਕਾਲੀ ਔਰਤ ਨੂੰ ਆਪਣੀ ਸ਼ਕਤੀ ਪਛਾਣਨ, ਉੱਚ-ਸਿੱਖਿਆ ਪ੍ਰਾਪਤ ਕਰਨ, ਜਾਗਰੂਕ ਹੋਣ ਅਤੇ ਆਤਮ-ਨਿਰਭਰ ਬਣ ਕੇ ਸਮਾਜ ਵਿੱਚ ਬਰਾਬਰੀ ਦਾ ਸਥਾਨ ਹਾਸਲ ਕਰਨ ਦਾ ਸੰਦੇਸ਼ ਦਿੰਦੇ ਹਨ।

*ਹਾੜ੍ਹੇ ਹੱਥ ਬੰਨਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀਂ*
*ਮੰਮੀ ਤੇ ਡੈਡੀ ਜੀ, ਚੱਲੇ ਪਾਪ ਕਰਨ ਹੋ ਰਲਕੇ*
*ਕਿਉਂ ਸੁੱਟਣ ਚੱਲੇ ਹੋ, ਗੁੰਚੀ ਪੈਰਾਂ ਹੇਠਾਂ ਮਲਕੇ*
*ਦਿਨ ਤਿੰਨਾਂ ਚਾਰਾਂ ਦੇ, ਭੱਜੇ ਫਿਰਦੇ ਕਿਹੜੇ ਆਰੀਂ*
*ਹਾੜ੍ਹੇ ਹੱਥ ਬੰਨਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀਂ*
*ਨਾਨੀ ਜੀ ਹੋਰਾਂ ਨੇ, ਤੈਨੂੰ ਏਸ ਤਰ੍ਹਾਂ ਨਾ ਮਾਰਿਆ*
*ਫਿਰ ਜਨਮ ਸਮੇਂ ਸੁਣਿਆਂ, ਪੂਰੀ ਖੁਸ਼ੀ ਨਾਲ ਸਤਕਾਰਿਆ*
*ਕੀ ਦਿਸ ਪਈ ਅੰਬਰ ਤੋਂ, ਆਫ਼ਤ ਆਉਂਦੀ ਮੇਰੀ ਵਾਰੀ*
*ਹਾੜ੍ਹੇ ਹੱਥ ਬੰਨਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀਂ*
*ਰਲ ਨਾਲ ਭਰਾਵਾਂ ਦੇ, ਮੈਂ ਵੀ ਪਿੰਡ ਨਾਨਕੇ ਜਾਊਂ*
*ਥੋਥੋਂ ਕੁਛ ਮੰਗਦੀ ਨਾ, ਲਿਖਿਆ ਕਰਮ ਲੇਖ ਦਾ ਖਾਊਂ*
*ਮਾਸੂਮ ਭਿਖਾਰਨ ਨੂੰ, ਮੈਨੂੰ ਨਾ ਦਰ ਤੋਂ ਦਰਕਾਰੀਂ*
*ਹਾੜ੍ਹੇ ਹੱਥ ਬੰਨਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀਂ*
*ਰੰਗ ਸਾਰੀ ਦੁਨੀਆਂ ਦੇ, ਮੇਰਾ ਵੀ ਮਾਨਣ ਨੂੰ ਜੀ ਕਰਦਾ*
*ਨੰਨ੍ਹਾ ਦਿਲ ਸਹਿਮਿਆ ਵਾ, ਤੇਰੀ ਸੋਚ ਛੁਰੀ ਤੋਂ ਡਰਦਾ*
*ਕਾਤਲ ਅਣ ਜਨਮੀ ਦੀ, ਬਣਕੇ ਡੈਣ ਰੂਪ ਨਾ ਧਾਰੀਂ*
*ਹਾੜ੍ਹੇ ਹੱਥ ਬੰਨਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀਂ...* [8]

### ਗਾਇਕੀ ਵਿੱਚ ਲੱਚਰਤਾ ਅਤੇ ਹਥਿਆਰਾਂ ਦੇ ਸੱਭਿਆਚਾਰ ਦਾ ਵਿਰੋਧ

ਅਜੋਕੇ ਵਪਾਰਕ ਦੌਰ ਵਿੱਚ ਪੌਪ-ਸੰਗੀਤ ਅਤੇ ਕਮਰਸ਼ੀਅਲ ਗਾਇਕੀ ਨੇ ਪੰਜਾਬੀ ਸੱਭਿਆਚਾਰਕ ਫ਼ਿਜ਼ਾ ਵਿੱਚ ਗੈਂਗਸਟਰਵਾਦ, ਹਥਿਆਰਾਂ ਦੀ ਨੁਮਾਇਸ਼ ਅਤੇ ਲੱਚਰ ਸ਼ਬਦਾਵਲੀ ਨੂੰ ਵੱਡੇ ਪੱਧਰ 'ਤੇ ਹੱਲਾਸ਼ੇਰੀ ਦਿੱਤੀ ਹੈ। ਅਜਿਹੇ ਦੌਰ ਵਿੱਚ ਮਲਵਈ ਕਵੀਸ਼ਰੀ ਇਸ ਸੱਭਿਆਚਾਰਕ ਪ੍ਰਦੂਸ਼ਣ ਦੇ ਖਿਲਾਫ਼ ਇੱਕ ਮਜ਼ਬੂਤ ਅਤੇ ਇਖ਼ਲਾਕੀ ਧਿਰ ਵਜੋਂ ਸਾਹਮਣੇ ਆਈ ਹੈ।

ਮਲਵਈ ਕਵੀਸ਼ਰ ਸਟੇਜਾਂ ਤੋਂ ਇਹ ਵਿਚਾਰਧਾਰਕ ਸਵਾਲ ਚੁੱਕਦੇ ਹਨ ਕਿ ਗੋਲੀ-ਸਿੱਕੇ, ਅਸਲੇ ਅਤੇ ਹਿੰਸਾ ਨੂੰ ਵਡਿਆਉਣ ਵਾਲੇ ਗੀਤ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਕਿਹੜੇ ਸਮਾਜਿਕ ਵਿਨਾਸ਼ ਵੱਲ ਧੱਕ ਰਹੇ ਹਨ। ਉਹ ਬਿਨਾਂ ਕਿਸੇ ਸਾਜ਼ ਦੇ, ਆਪਣੀ ਸ਼ੁੱਧ, ਸਾਫ਼-ਸੁਥਰੀ ਅਤੇ ਛੰਦ-ਬੱਧ ਕਾਵਿ-ਸਿਰਜਣਾ ਰਾਹੀਂ ਲੋਕਾਂ ਨੂੰ ਅਸਲ ਪੰਜਾਬੀ ਵਿਰਸੇ, ਨੈਤਿਕ ਕਦਰਾਂ-ਕੀਮਤਾਂ ਅਤੇ ਰਚਨਾਤਮਕ ਸੋਚ ਨਾਲ ਜੋੜਨ ਦਾ ਨਿਰੰਤਰ ਯਤਨ ਕਰ ਰਹੇ ਹਨ।

ਕਰਲੋ ਤੁਸੀਂ ਸ਼ਰਮ ਓਏ ਗਾਇਕੋ
*ਕਰਲੋ ਤੁਸੀਂ ਸ਼ਰਮ ਓਏ ਗਾਇਕੋ, ਗੰਦ ਫੈਲਾਉਣੇਓ*
*ਚੜ੍ਹਦੀ ਜਵਾਨੀ ਤਾਈ ਇਸਕ ਸਿਖਾਉਣੇ ਓ,*
*ਝੋਲੀ ਪਾ ਗੰਦ ਲੋਕਾਂ ਦੇ ਪੈਸੇ ਕਮਾਉਣੇ ਓ*
*ਮਰ ਗਏ ਜਮੀਰ ਇਹ ਤੁਹਾਡੇ ਪੈਰਾਂ ਕਰਾਹੇ ਨੇ,*
*ਮੁੰਡੇ ਤੇ ਕੁੜੀਆਂ ਤੁਸੀਂ ਪਾਗਲ ਬਣਾਏ ਨੇ।*
*ਵੀਡੀਓ ਵਿੱਚ ਦਿਖਾਉਂਦੇ ਮਾਰੂ ਹਥਿਆਰਾਂ ਨੂੰ*
*ਕਰਦੇ ਨੇ ਹਵਾ ਦੇਖ ਲਓ ਲੈ ਕੇ ਨਾਲ ਯਾਰਾਂ ਨੂੰ*
*ਭਾਵਾਂ ਸਤਨਾਮ ਲਾਹਣਤਾਂ ਇਹਨਾਂ ਅਵਾਰਾ ਨੂੰ,*
*ਜਿਨ੍ਹਾਂ ਨੇ ਮਾਂ ਪੰਜਾਬੀ ਮਿੱਟੀ ਵਿੱਚ ਰੋਲੀ ਜੀ,*
*ਪਾਠਕ ਤਾਂ ਆਖੇ ਇਹ ਕੰਜਰਾਂ ਦੀ ਟੋਲੀ ਜੀ।* [9]

ਮਾਲਵੇ ਦੀ ਕਵੀਸ਼ਰੀ-ਪਰੰਪਰਾ ਦਾ ਵੱਖਰਾ ਪ੍ਰਸੰਗਿਕ ਮਹੱਤਵ ਸਿਰਫ਼ ਮਾਝੇ ਦੀ ਕਿੱਸਾਕਾਰੀ ਦੀ ਤੁਲਨਾ ਵਿੱਚੋਂ ਹੀ ਨਹੀਂ ਉੱਭਰਦਾ, ਸਗੋਂ ਅਜੋਕੀ ਪੰਜਾਬੀ ਗਾਇਕੀ ਉੱਤੇ , ਬਦਲੇ ਸੰਦ੍ਰਿਸ਼ਾਂ ਵਿੱਚ, ਇਸਦੇ ਪ੍ਰਭਾਵਾਂ ਵਿੱਚੋਂ ਮੂਰਤੀਮਾਨ ਹੁੰਦਾ ਹੈ। ਅਜੋਕੀ ਪੰਜਾਬੀ ਗਾਇਕੀ ਕਵੀਸ਼ਰੀ ਦੇ ਛੰਦ-ਪ੍ਰਬੰਧ, ਮੰਗਲਾਚਰਨ, ਅਖਾੜਾ-ਪਰੰਪਰਾ, ਵਿਸ਼ਿਆਂ ਦੀ ਵਿਭਿੰਨਤਾ, ਨਾਇਕ/ਪਾਤਰ-ਚਿਤਰਣ, ਨਖ਼ਸ਼ਿਖ-ਵਰਨਣ, ਸੱਭਿਆਚਾਰਕ ਰੁਪਾਂਤਰਣ ਅਤੇ ਪ੍ਰਯੋਗਸ਼ੀਲ ਸੁਭਾਅ ਤੋਂ ਤਨੋ-ਮਨੋ ਪ੍ਰਭਾਵਿਤ ਹੈ। ਇਹੀ ਕਾਰਨ ਹੈ ਕਿ ਅਜੋਕੀ ਪੰਜਾਬੀ ਗਾਇਕੀ ਦੇ ਅਖਾੜੇ ਵਿੱਚ ਮਲਵਈ ਗੀਤਕਾਰਾਂ ਦੇ ਗਾਇਕਾਂ ਦੀ ਝੰਡੀ ਹੈ। ਅਜੋਕੀ ਪੰਜਾਬੀ ਗਾਇਕੀ ਦੇ ਬਦਲੇ ਮੁਹਾਂਦਰੇ ਨੂੰ ਕਈ ਕੋਣਾਂ ਤੋਂ ਵੇ ਖਿਆ/ਆਂਕਿਆ ਜਾ ਸਕਦਾ ਹੈ। ਅਜੋਕੀ ਗਾਇਕੀ ਵ-ਕਾਵਿ ਨਾਲੋਂ ਦ੍ਰਿਸ਼-ਕਾਵਿ ਦੇ ਨੇੜੇ ਵਧੇਰੇ ਹੋ ਗਈ ਜਾਪਦੀ ਹੈ। 'ਸੁਰ ਦੀ ਥਾਂ ਸ਼ੋਰ' ਦਾ ਬੋਲਬਾਲਾ ਹੈ। ਗਾਇਕਾਂ ਦੀ ਬੁਲੰਦ ਤੇ ਸੁਰੀਲੀ ਆਵਾਜ਼ ਨਾਲੋਂ ਆਧੁਨਿਕ ਸਾਜ਼ਾਂ ਦੀ ਸ਼ੋਰੀਲੀ ਗੂੰਜ ਦੀ ਪ੍ਰਧਾਨਤਾ ਹੈ। ਸ਼ਾਇਰੀ/ਗੀਤਕਾਰੀ ਦੀ ਥਾਂ ਪੇਸ਼ਕਾਰੀ/ਪ੍ਰਦਰਸ਼ਨ ਦੀ ਮਹੱਤਤਾ 'ਤੇ ਜ਼ੋਰ ਹੈ। ਟੀ.ਵੀ. ਚੈਨਲਾਂ ਨੇ ਗਾਇਕੀ ਦੇ ਅਖਾੜਿਆਂ ਨੂੰ ਖ਼ੋਰਾ ਲਾਇਆ ਹੈ।

ਅਜੋਕੀ ਪੰਜਾਬੀ ਗਾਇਕੀ ਸੰਬੰਧੀ ਅਜਿਹੀਆਂ ਹੂੰਝਾ-ਫੇਰੂ ਟਿੱਪਣੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਅਜੋਕੀ ਪੰਜਾਬੀ ਗਾਇਕੀ ਦੇ ਸਮੁੱਚੇ ਮਾਹੌਲ ਵਿੱਚ ਮਾਲਵੇ ਦੀ ਕਵੀਸ਼ਰੀ ਪਰੰਪਰਾ ਦੀਆਂ ਪ੍ਰਤੀ-ਧੁਨੀਆਂ ਸੁਣੀਆਂ ਜਾ ਸਕਦੀਆਂ ਹਨ। ਉਂਜ ਵੀ ਆਧੁਨਿਕਤਾ ਪੂਰੀ ਤਰ੍ਹਾਂ ਪਰੰਪਰਾ ਨਾਲੋਂ ਕਦੇ ਵੀ ਨਹੀਂ ਟੁੱਟਦੀ। ਇਹ ਖ਼ਲਾਅ ਵਿੱਚ ਨਹੀਂ ਪਨਪ ਸਕਦੀ। ਪਰੰਪਰਾ ਦੇ ਧਰਾਤਲ ਉੱਤੇ ਹੀ ਕਿਸੇ ਖਿੱਤੇ ਦੀ ਆਧੁਨਿਕਤਾ ਵਿਗਸਦੀ ਹੈ। *ਅਜੋਕੀ ਪੰਜਾਬੀ ਗਾਇਕੀ ਦੇ ਮੌਲਦੇ ਬੂਟੇ ਦੀਆਂ ਜੜ੍ਹਾਂ ਪਰੰਪਰਾ ਦੇ ਪਾਣੀ ਨਾਲ ਸੇਂਜੂ ਹਨ ਤੇ ਇਸ ਦੇ ਪੱਤੇ ਆਧੁਨਿਕਤਾ ਵਿੱਚ ਸਾਹ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦੋਵਾਂ ਦਾ ਤਵਾਜ਼ਨ ਕਦੇ ਕਦੇ ਹਿੱਲਿਆ ਲੱਗਦਾ ਹੈ। ਸੱਚੀ ਗੱਲ ਇਹ ਹੈ ਕਿ ਆਧੁਨਿਕਤਾ ਦਾ ਪੱਲਾ ਭਾਰੀ ਹੋਣ ਦਾ ਪ੍ਰਭਾਵ ਦਿੰਦਾ ਹੈ। ਸਾਡੀ ਅਜੋਕੀ ਗਾਇਕੀ ਨੇ ਫਿਰ ਵੀ ਜੇਕਰ ਅੰਤਰ ਰਾਸ਼ਟਰੀ ਪੱਧਰ 'ਤੇ ਆਪਣੀ ਧਾਂਕ ਜਮਾਈ ਹੈ ਤਾਂ ਇਸ ਦਾ ਵੱਡਾ ਕਾਰਨ ਇਸ ਦੇ ਧਰਾਤਲ ਨੂੰ ਮਾਲਵੇ ਦੀ ਕਵੀਸ਼ਰੀ-ਪਰੰਪਰਾ ਨੇ ਓਟ ਦਿੱਤੀ ਹੋਈ ਹੈ। ਮਾਲਵਾ ਖਿੱਤੇ ਦਾ ਭੂਗੋਲਿਕ ਦਾਇਰਾ ਵੱਡਾ ਹੋਣਾ, ਇੱਥੇ ਜ਼ਰਈ ਆਰਥਿਕਤਾ ਦਾ ਪ੍ਰਚਲਿਤ ਰਹਿਣਾ, ਰਾਜਨੀਤਿਕ ਸੱਤਾ ਦਾ ਕੇਂਦਰ ਬਣੇ ਰਹਿਣਾ, ਸਮਾਜਿਕ/ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਬਦਲਾਊ-ਤੋਰ ਵਿੱਚ ਮੱਠਾਪਣ ਹੋਣਾ ਆਦਿ ਕਾਰਕਾਂ ਨੇ ਇਸ ਓਟ ਨੂੰ ਬਰਕਰਾਰ ਰੱਖਿਆ ਹੈ।*[10] ਨਿਭਾਅ, ਪ੍ਰਸਾਰ ਅਤੇ ਇਸ ਪਰੰਪਰਾ ਪ੍ਰਤੀ ਧੰਨਵਾਦੀ ਭਾਵਨਾ ਦੇ ਪੱਧਰ 'ਤੇ, ਆਧੁਨਿਕ ਮਾਈਕ੍ਰੋਫ਼ੋਨ ਤਕਨੀਕ, ਸੋਸ਼ਲ ਮੀਡੀਆ ਲਾਈਵ-ਸਟ੍ਰੀਮਿੰਗ, ਫੇਸਬੁੱਕ ਅਤੇ ਯੂਟਿਊਬ ਚੈਨਲਾਂ ਨੇ ਕਵੀਸ਼ਰੀ ਦੀ ਪਹੁੰਚ ਨੂੰ ਕੇਵਲ ਪਿੰਡਾਂ ਦੀਆਂ ਸੱਥਾਂ ਤੱਕ

ਸੀਮਤ ਨਾ ਰੱਖ ਕੇ ਗਲੋਬਲ (ਵਿਸ਼ਵ-ਵਿਆਪੀ) ਬਣਾ ਦਿੱਤਾ ਹੈ। ਅੱਜ ਸੱਤ ਸਮੁੰਦਰ ਪਾਰ ਬੈਠਾ ਪੰਜਾਬੀ ਭਾਈਚਾਰਾ ਵੀ ਇਨ੍ਹਾਂ ਡਿਜੀਟਲ ਮਾਧਿਅਮਾਂ ਰਾਹੀਂ ਮਲਵਈ ਕਵੀਸ਼ਰੀ ਨਾਲ ਜੁੜ ਰਿਹਾ ਹੈ। ਵਿਰਾਸਤੀ ਕਦਰਾਂ-ਕੀਮਤਾਂ ਨੂੰ ਸੰਭਾਲਣ ਅਤੇ ਉਨ੍ਹਾਂ ਨੂੰ ਅਜੋਕੇ ਤਕਨੀਕੀ ਯੁੱਗ ਵਿੱਚ ਘਰ-ਘਰ ਤੱਕ ਪਹੁੰਚਾਉਣ ਦਾ ਇਹ ਪ੍ਰਸਾਰ ਆਪਣੇ-ਆਪ ਵਿੱਚ ਉਸ ਅਮੀਰ ਵਿਰਸੇ ਪ੍ਰਤੀ ਇੱਕ ਵੱਡਾ ਧੰਨਵਾਦ ਅਤੇ ਸਤਿਕਾਰ ਹੈ, ਜੋ ਸਾਡੀ ਮਾਂ-ਬੋਲੀ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ ‘ਤੇ ਅਮਰ ਰੱਖ ਰਿਹਾ ਹੈ।

ਸਮਕਾਲੀ ਸਮਾਜਿਕ ਸਰੋਕਾਰਾਂ ਦੇ ਸੰਦਰਭ ਵਿੱਚ ਮਲਵਈ ਕਵੀਸ਼ਰੀ ਪਰੰਪਰਾ ਦਾ ਆਲੋਚਨਾਤਮਕ ਮੁਲਾਂਕਣ ਕਰਦਿਆਂ ਇਸ ਦੇ ਸਮਰੱਥ ਸਕਾਰਾਤਮਕ ਪੱਖਾਂ ਦੇ ਨਾਲ-ਨਾਲ ਕੁੱਝ ਅੰਦਰੂਨੀ ਤੇ ਬਾਹਰੀ ਚੁਣੌਤੀਆਂ ਵੀ ਉੱਭਰ ਕੇ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਦਾ ਗੰਭੀਰ ਵਿਸ਼ਲੇਸ਼ਣ ਕਰਨਾ ਅਕਾਦਮਿਕ ਦ੍ਰਿਸ਼ਟੀ ਤੋਂ ਅਤਿ ਜ਼ਰੂਰੀ ਹੈ। ਦੂਜੇ ਪਾਸੇ, ਡਿਜੀਟਲ ਮੀਡੀਆ ਦੇ ਵਧਦੇ ਪ੍ਰਭਾਵ ਅਤੇ ਸੋਸ਼ਲ ਮੀਡੀਆ ‘ਤੇ ਸਸਤੀ ਪ੍ਰਸਿੱਧੀ ਹਾਸਲ ਕਰਨ ਦੀ ਅੰਨ੍ਹੀ ਦੌੜ ਨੇ ਇਸ ਰਵਾਇਤੀ ਕਲਾ ਦੇ ਕਲਾਤਮਕ ਪੱਧਰ ਨੂੰ ਢਾਹ ਲਗਾਈ ਹੈ। ਨਵੀਂ ਪੀੜ੍ਹੀ ਦੇ ਕਈ ਅਣ-ਸਿੱਖਿਅਤ ਕਵੀਸ਼ਰ ਛੰਦ-ਵਿਧਾਨ, ਤੁਕਾਂਤ-ਮੇਲ, ਹੇਕ ਅਤੇ ਛੰਦ-ਬੰਦੀ ਦੇ ਮੂਲ ਸ਼ਿਲਪਗਤ ਨਿਯਮਾਂ ਨਾਲ ਸਮਝੌਤਾ ਕਰ ਰਹੇ ਹਨ। ਇਸ ਤੋਂ ਇਲਾਵਾ, ਸਮਾਜਿਕ ਮੁੱਦਿਆਂ ਨੂੰ ਬਿਆਨ ਕਰਦਿਆਂ ਕਈ ਵਾਰ ਰਚਨਾ ਵਿੱਚ ਇੰਨਾ ਜ਼ਿਆਦਾ ਸਿੱਧਾਪਣ ਅਤੇ ਨਾਅਰੇਬਾਜ਼ੀ ਆ ਜਾਂਦੀ ਹੈ ਕਿ ਕਵਿਤਾ ਦੀ ਸੁਹਜਾਤਮਕਤਾ ਅਤੇ ਕਲਾਤਮਕ ਗੂੜ੍ਹਤਾ ਖ਼ਤਮ ਹੋ ਜਾਂਦੀ ਹੈ, ਜਿਸ ਨਾਲ ਇਹ ਕਾਵਿ-ਰਚਨਾ ਦੀ ਥਾਂ ਕੇਵਲ ਇੱਕ ਸੁੱਕਾ ਭਾਸ਼ਣ ਬਣ ਕੇ ਰਹਿ ਜਾਂਦੀ ਹੈ। ਇੱਕ ਹੋਰ ਵੱਡੀ ਚੁਣੌਤੀ ਅਕਾਦਮਿਕ ਅਤੇ ਸਰਕਾਰੀ ਸੰਸਥਾਵਾਂ ਦੀ ਬੇਰੁਖ਼ੀ ਹੈ। ਪੰਜਾਬੀ ਯੂਨੀਵਰਸਿਟੀਆਂ, ਸੱਭਿਆਚਾਰਕ ਅਕਾਦਮੀਆਂ ਅਤੇ ਖੋਜ-ਕੇਂਦਰਾਂ ਵੱਲੋਂ ਮਲਵਈ ਕਵੀਸ਼ਰੀ ਦੀ ਸਿਖਲਾਈ, ਲਿਪੀਬੱਧਤਾ, ਅਤੇ ਸੰਭਾਲ ਲਈ ਕੋਈ ਢੁਕਵੇਂ ਜਾਂ ਸੰਸਥਾਗਤ ਯਤਨ ਨਹੀਂ ਕੀਤੇ ਜਾ ਰਹੇ, ਜਿਸ ਕਾਰਨ ਇਹ ਅਨਮੋਲ ਲੋਕ-ਵਿਰਸਾ ਨਿੱਜੀ ਯਤਨਾਂ ‘ਤੇ ਹੀ ਟਿਕਿਆ ਹੋਇਆ ਹੈ।

ਸਮੁੱਚੀ ਚਰਚਾ ਤੋਂ ਇਹ ਸਿੱਟਾ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦਾ ਹੈ ਕਿ ਮਲਵਈ ਕਵੀਸ਼ਰੀ ਪੰਜਾਬੀ ਲੌਕਿਕ ਅਤੇ ਸੱਭਿਆਚਾਰਕ ਵਿਰਾਸਤ ਦਾ ਇੱਕ ਅਜਿਹਾ ਮਜ਼ਬੂਤ ਥੰਮ੍ਹ ਹੈ, ਜਿਸ ਨੇ ਸਮੇਂ-ਸਮੇਂ ‘ਤੇ ਆਈਆਂ ਤਬਦੀਲੀਆਂ ਅੱਗੇ ਝੁਕਣ ਦੀ ਬਜਾਏ ਨਵੀਨਤਾ ਨੂੰ ਸੁਚੱਜੇ ਢੰਗ ਨਾਲ ਅਪਣਾਇਆ ਹੈ। ਅਜੋਕੇ ਸਮੇਂ ਵਿੱਚ ਬਦਲਦਾ ਲੋਕ-ਜੀਵਨ ਅਤੇ ਪੰਜਾਬੀ ਸਮਾਜ ਸਾਹਮਣੇ ਪੈਦਾ ਹੋ ਰਹੀਆਂ ਜਟਿਲ ਸਮਕਾਲੀ ਚੁਣੌਤੀਆਂ ਇਸ ਪਰੰਪਰਾ ਲਈ ਇੱਕ ਨਵਾਂ ਵੈਚਾਰਿਕ ਕੱਚਾ ਮਾਲ ਸਾਬਤ ਹੋਈਆਂ ਹਨ। ਇਸੇ ਤਬਦੀਲੀ ਦੇ ਸਿੱਟੇ ਵਜੋਂ ਅੱਜ ਦਾ ਕਵੀਸ਼ਰ ਕੇਵਲ ਇੱਕ ਪਰੰਪਰਾਗਤ ਗਾਇਕ ਜਾਂ ਕਵੀ ਤੱਕ ਸੀਮਤ ਨਹੀਂ ਰਿਹਾ, ਸਗੋਂ ਉਹ ਇੱਕ ਜਾਗਰੂਕ ਸਮਾਜ-ਸੁਧਾਰਕ, ਤਿੱਖਾ ਆਲੋਚਕ ਅਤੇ ਲੋਕ-ਚੇਤਨਾ ਦੇ ਪਹਿਰੇਦਾਰ ਵਜੋਂ ਉੱਭਰਿਆ ਹੈ। ਭਵਿੱਖ ਵਿੱਚ ਮਲਵਈ ਕਵੀਸ਼ਰੀ ਦੀ ਪ੍ਰਸੰਗਿਕਤਾ ਅਤੇ ਇਸ ਦੇ ਵਜੂਦ ਦੀ ਨਿਰੰਤਰਤਾ ਇਸ ਗੱਲ ‘ਤੇ ਨਿਰਭਰ ਕਰੇਗੀ ਕਿ ਇਹ ਆਪਣੀ ਪੁਰਾਤਨ ਛੰਦ-ਵਿਰਾਸਤ, ਤਾਲ ਅਤੇ ਸ਼ਿਲਪ-ਵਿਧਾਨ ਦੀ ਰੂਹ ਨੂੰ ਬਰਕਰਾਰ ਰੱਖਦਿਆਂ ਆਧੁਨਿਕ ਸਮਾਜਿਕ ਵਿਰੋਧਾਭਾਸਾਂ ਨੂੰ ਕਿੰਨੀ ਕਲਾਤਮਕਤਾ ਅਤੇ ਸੰਜੀਦਗੀ ਨਾਲ ਪੇਸ਼ ਕਰਦੀ ਹੈ। ਜੇਕਰ ਇਹ ਕਲਾ ਆਪਣੇ ਮੂਲ ਸੁਹਜ ਅਤੇ ਨਵੀਨ ਸੰਵੇਦਨਾ ਵਿਚਕਾਰ ਸੰਤੁਲਨ ਬਣਾ ਕੇ ਰੱਖਦੀ ਹੈ, ਤਾਂ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਲੋਕ-ਮਨਾਂ ਦੀ ਪ੍ਰਤੀਨਿਧ ਆਵਾਜ਼ ਬਣੀ ਰਹੇਗੀ।

## ਹਵਾਲੇ ਅਤੇ ਟਿੱਪਣੀਆਂ


1. *ਜੋਸ਼ੀ ਡਾ. ਅਜੀਤ ਸਿੰਘ, ਗੰਗਾ ਸਿੰਘ ਹੂੰਦਲ: ਜੀਵਨ ਤੇ ਰਚਨਾ, ਪਬ.ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ: 35*
2. *ਉਹੀ, ਪੰਨਾ: 36*
3. *ਬੱਬੀ ਗੁਰਤੇਜ, ਇਤਿਹਾਸ ਦੇ ਵਾਰਿਸ ਮਾਲਵੇ ਦੇ ਕਵੀਸ਼ਰ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ: 26*
4. *ਸਿੰਘ ਜਸਵੀਰ, “ਬਾਬਾ ਰਜਬ ਅਲੀ: ਜੀਵਨ ਰਚਨਾ ਅਤੇ ਛੰਦ ਵਿਧਾਨ”, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ: 23*
5. *ਸਿੰਘ, ਅਜਮੇਰ, “ਇਸ ਦੁਨੀਆਂ ਦੇ ਦਾਇਰੇ ਅੰਦਰ ਜਦੋਂ ਦ੍ਰਿਸ਼ਟੀ ਮਾਰੀ।” ਮਾਗੀ ਸਿੰਘ ਕਵੀਸ਼ਰ, ਪੰਜਾਬੀ ਯੂਨੀਵਰਸਿਟੀ,1989, ਪੰਨੇ:109-110*
6. *ਪਾਠਕ ਭਰਾ ਧਨੌਲੇ ਵਾਲੇ ਅਤੇ ਦਰਸ਼ਨ ਸਿੰਘ ਧਨੌਲਾ, “ਪੁੱਤਰ ਮਰਦੇ ਮਾਵਾਂ ਦੇ। ਉੱਠੋ ਓਏ ਧਰਤੀ ਦੇ ਜਾਇਓ” ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2021, ਪੰਨਾ: 28*
7. ***https://www.youtube.com/watch?v=bKcqPwoKcyk***
8. *ਪਾਰਸ, ਕਰਨੈਲ ਸਿੰਘ, “ਹੱਥ ਬੰਨ੍ਹਦੀ ਹਾਂ ਅੰਮੀਏ ਕੁੱਖ ਵਿੱਚ ਨਾ ਮਾਰੀ।” ਜੱਗ ਜੰਕਸ਼ਨ ਰੇਲਾਂ ਦਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ: 80*
9. ***https://www.youtube.com/watch?v=bKcqPwoKcyk***
10. *ਖੀਵਾ ਲਾਭ ਸਿੰਘ, “ਮਲਵਈ ਕਵੀਸ਼ਰ ਦੀ ਪਰੰਪਰਾ: ਸਿਧਾਂਤਕ ਤੇ ਸੱਭਿਆਚਾਰਕ ਵਿਵੇਚਨ”, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2023, ਪੰਨੇ: 200-201*



### *Cite this Article-*

*ਮਿੱਠੂ ਰਾਮ (Mithu Ram) & ਡਾ. ਅਮਨਦੀਪ ਕੌਰ (Dr. Amandeep Kaur), ਸਮਕਾਲੀ ਸਮਾਜਿਕ ਸਰੋਕਾਰ ਅਤੇ ਮਲਵਈ ਕਵੀਸ਼ਰੀ: ਬਦਲਦੇ ਲੋਕ-ਜੀਵਨ ਦਾ ਆਲੋਚਨਾਤਮਕ ਅਧਿਐਨ (Samkali Samajik Sarokar ate Malwai Kavishri: Badalde Lok-Jeevan da Aalochnatmak Adhyayan), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 33-37.*

*Journal URL: www.armaan.org.in*

*DOI: https://doi.org/10.64119/armaan.vol.4.issue3.07*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/